# ਬਲੇਅਰ ਅਤੇ ਬੁਸ਼ ਵਲੋਂ ਜ਼ਮੀਰ ਦੇ ਹੱਕ ਤੇ ਵਹਿਸ਼ੀ ਹਮਲਾ

ਲੰਡਨ ਵਿਚ ਹੋਏ ਬੰਬ ਧਮਾਕਿਆਂ ਦੇ ਬਾਅਦ ਟੋਨੀ ਬਲੇਅਰ ਅਤੇ ਬੁਸ਼ ਨੇ ਲੋਕਾਂ ਦੇ ਜ਼ਮੀਰ ਦੇ ਹੱਕ ਉੱਤੇ ਇਕ ਗਿਣੇ ਮਿਥੇ ਤਰੀਕੇ ਨਾਲ ਹਮਲੇ ਸ਼ੁਰੂ ਕਰ ਦਿਤੇ ਹਨ। ਟੋਨੀ ਬਲੇਅਰ ਨੇ ਕਿਹਾ ਕਿ ਉਹ ਇਹੋ ਜਿਹੇ ਕਾਨੂੰਨ ਬਣਾਉਣ ਦੀ ਤਜਵੀਜ਼ ਪੇਸ਼ ਕਰੇਗਾ ਜਿਸ ਨਾਲ ਅਜਿਹੀ ਗੱਲਬਾਤ ਵੀ ਨਾ ਕਰ ਸਕੇ ਜਿਹਨੂੰ ਉਹ ਅੱਤਵਾਦ ਕਹਿੰਦਾ ਹੈ।। ਸਾਰੇ ਮੀਡੀਆ ਵਿਚ ਰੌਲਾ ਪਿਆ ਹੋਇਆ ਹੈ ਕਿ ਇੰਗਲੈਂਡ ਦੀਆਂ ਕੁਝ ਮਸੀਤਾਂ ਦੇ ਮੌਲਵੀ ਆਪਣੇ ਵਿਖਿਆਨਾਂ ਦੌਰਾਨ ਨੌਜਵਾਨਾਂ ਨੂੰ ਬ੍ਰਿਟਿਸ਼ ਕਦਰਾਂ -ਕੀਮਤਾਂ ਦੇ ਖ਼ਿਲਾਫ਼ ਉਭਾਰਦੇ ਨੇ। ਇਨ੍ਹਾਂ ਜਜ਼ਬਾਤੀ ਤਕਰੀਰਾਂ ਨਾਲ ਨੌਜਵਾਨ ਅਤਿਵਾਦ ਵੱਲ ਜਾ ਰਹੇ ਹਨ ਅਤੇ ਇਹੋ ਜਿਹੀਆਂ ਗਲਾਂ ਦੇ ਅਸਰ ਹੇਠ ਆ ਕੇ ਹੀ ਨੌਜਵਾਨਾਂ ਨੇ ਲੰਡਨ ਬੰਬ ਚਲਾਏ ਸਨ। ਮੀਡੀਆ ਵਿਚ ਇਹ ਵੀ ਚਰਚਾ ਹੈ ਕਿ ਜਿਹੜੇ ਨੌਜਵਾਨਾਂ ਤੇ ਬੰਬ ਚਲਾਉਣ ਦਾ ਸ਼ੱਕ ਹੈ ਉਹ ਬਹੁਤ ਹੀ ਸ਼ਰੀਫ਼ ਅਤੇ ਸਾਊ ਲਗਦੇ ਸੀ। ਉਨ੍ਹਾਂ ਦੇ ਘਰ ਵਾਲੇ ਅਤੇ ਆਂਢ-ਗੁਆਂਢ ਦੇ ਲੋਕਾਂ ਨੇ ਵੀ ਇਹੋ ਦੱਸਿਆ ਹੈ ਕਿ ਉਹ ਬਹੁਤ ਚੰਗੇ ਨੌਜਵਾਨ ਸਨ। ਮੀਡੀਆ ਅਤੇ ਬਲੇਅਰ ਇਸ ਗੱਲ ਦੀ ਵਰਤੋਂ ਲੋਕਾਂ ਵਿਚ ਇਕ ਦੂਜੇ ਦੇ ਖ਼ਿਲਾਫ਼ ਨਫ਼ਰਤ ਅਤੇ ਬੇਵਸਾਹੀ ਫੈਲਾਉਣ ਲਈ ਕਰ ਰਹੇ ਹਨ। ਉਹ ਕਹਿ ਰਹੇ ਹਨ ਕਿ ਭਾਈ ਕਿਸੇ ਦਾ ਕੋਈ ਯਕੀਨ ਨਹੀਂ ਕੀਤਾ ਜਾ ਸਕਦਾ। ਤੁਹਾਡਾ ਗੁਆਂਢੀ ਭਾਵੇ ਕਿੰਨਾ ਹੀ ਸਾਊ ਤੇ ਸ਼ਰੀਫ਼ ਕਿਉਂ ਨਾ ਲਗਦਾ ਹੋਵੇ, ਉਹ ਦਹਿਸ਼ਤਗਰਦ ਹੋ ਸਕਦਾ। ਇਸ ਕਰਕੇ ਕਿਸੇ ਤੇ ਕੋਈ ਯਕੀਨ ਨਾ ਕਰੋ ਤੇ ਸਾਰਿਆਂ ਨੂੰ ਸ਼ੱਕ ਦੀ ਨਿਗਾਹ ਨਾਲ ਵੇਖੋ।

ਟੋਨੀ ਬਲੇਅਰ ਅਤੇ ਬੁਸ਼ ਕਹਿੰਦੇ ਹਨ ਕਿ ਇਹ ਧਮਾਕੇ ਤਅੱਸਬ ਦੀ ਭਰੀ ਹੋਈ ਅਤਿਵਾਦੀ ਇਸਲਾਮੀ ਵਿਚਾਰਧਾਰਾ ਕਰਕੇ ਹੋਏ ਹਨ ਅਤੇ ਇਹ ਬਹੁਤ ਜ਼ਰੂਰੀ ਹੈ ਕਿ ਇਸ ਵਿਚਾਰਧਾਰਾ ਖ਼ਿਲਾਫ਼ ਕਾਨੂੰਨ ਬਣਾਏ ਜਾਣ ਅਤੇ ਇਸਲਾਮ ਨੂੰ ਮੰਨਣ ਵਾਲੇ ਲੋਕ ਵੀ ਇਸ ਵਿਚਾਰਧਾਰਾ ਦੇ ਖ਼ਿਲਾਫ਼ ਸਟੈਂਡ ਲੈਣ। । ਉਹ ਕਹਿੰਦੇ ਹਨ ਕਿ ਜਮਹੂਰੀਅਤ ਦੀ ਰਾਖੀ ਅਤੇ ਲੋਕਾਂ ਦੀ ਹਿਫ਼ਾਜ਼ਤ ਲਈ ਇਹ ਬਹੁਤ ਹੀ ਜ਼ਰੂਰੀ ਹੈ ਕਿ ਲੋਕ ਆਪਣੇ ਜ਼ਮੀਰ ਦੇ ਹੱਕ ਨੂੰ ਇਨ੍ਹਾਂ ਦੇ ਹਵਾਲੇ ਕਰ ਦੇਣ। ਟੋਨੀ ਬਲੇਅਰ ਕਹਿੰਦਾ ਹੈ ਕਿ ਮੇਰੇ ਤੇ ਯਕੀਨ ਕਰੋ ਮੈਂ ਤੁਹਾਨੂੰ ਸੱਚ ਕਹਿੰਦਾ ਹਾਂ ਕਿ ਤੁਹਾਡੀ ਹਿਫ਼ਾਜ਼ਤ ਲਈ ਇਹ ਕਰਨਾ ਬਹੁਤ ਜ਼ਰੂਰੀ ਹੈ। ਪਰ ਉਹ ਲੋਕਾਂ ਨੂੰ ਆਪਣੇ ਤਜਰਬੇ ਦੇ ਉਲਟ ਗੱਲ ਦਾ ਯਕੀਨ ਕਰਨ ਦੀ ਸਲਾਹ ਦੇ ਰਿਹਾ ਹੈ। ਟੋਨੀ ਬਲੇਅਰ ਅਤੇ ਬੁਸ਼ ਵੀ ਹਨੇਰੇ ਅਤੇ ਜਹਾਲਤ ਦੇ ਯੁਗ ਦੇ ਦੌਰ ਵਿਚ ਕੈਥਲਿਕ ਚਰਚ ਅਤੇ ਰਜਵਾੜੇ ਸ਼ਾਹੀ ਦੀ ਤਾਨਾਸ਼ਾਹੀ ਵਾਂਗ ਲੋਕਾਂ ਦੇ ਜ਼ਮੀਰ ਦੇ ਹੱਕ ਅਤੇ ਸੋਚ ਉੱਤੇ ਪਾਬੰਦੀ ਲਾਉਣਾ ਚਾਹੁੰਦੇ ਹਨ। ਬਲੇਅਰ ਅਤੇ ਬੁਸ਼ ਹੁਣ ਲੋਕਾਂ ਨੂੰ ਦੱਸਣਗੇ ਕਿ ਕਿਹੜੀ ਸੋਚ ਠੀਕ ਹੈ ਅਤੇ ਕਿਹੜੀ ਸੋਚ ਗਲਤ ਹੈ, ਲੋਕ ਕਿਹੜੀ ਗੱਲ ਸੋਚ ਸਕਦੇ ਹਨ ਅਤੇ ਕਿਹੜੀ ਗੱਲ ਨਹੀਂ ਸੋਚ ਸਕਦੇ।

ਅਮਰੀਕਾ ਵਿਚ ***ਪੇਟਰੀਆਟ ਐਕਟ*** ਅਨੁਸਾਰ ਲਾਇਬ੍ਰੇਰੀਆਂ ਨੂੰ ਪੁਲਿਸ ਵਲੋਂ ਹਿਦਾਇਤਾਂ ਹਨ ਕਿ ਉਹ ਪੁਲਿਸ ਨੂੰ ਦੱਸਣ ਕਿ ਕਿਸ ਵਿਅਕਤੀ ਨੇ ਕਿਹੜੀ ਕਿਤਾਬ ਪੜ੍ਹਨ ਲਈ ਲਈ ਹੈ। ਇੰਟਰਨੈਟ ਕੰਪਨੀਆਂ ਨੂੰ ਵੀ ਹਿਦਾਇਤਾਂ ਹਨ ਕਿ ਉਹ ਮੰਗੇ ਉੱਤੇ ਵੈਬਸਾਈਟ ਦੇਖਣ ਵਾਲਿਆਂ ਦੀ ਸੂਚੀ ਪੁਲਿਸ ਨੂੰ ਦੇਣ। ਕਿਤਾਬਾਂ ਦੀਆਂ ਦੁਕਾਨਾਂ ਵਿਚ ਵੀ ਕੈਮਰੇ ਲੱਗੇ ਹੋਏ ਹਨ ਜਿਨ੍ਹਾਂ ਨਾਲ ਪੁਲਿਸ ਨਜ਼ਰ ਰਖ ਸਕਦੀ ਹੈ ਕਿ ਕੌਣ ਕਿਹੜੀ ਕਿਤਾਬ ਖ਼ਰੀਦ ਰਿਹਾ ਹੈ। ਬੁਸ਼ ਅਤੇ ਬਲੇਅਰ ਕਹਿੰਦੇ ਹਨ ਕਿ ਇਹ ਜਮਹੂਰੀਅਤ ਨੂੰ ਕਾਇਮ ਰਖਣ ਲਈ ਲੋੜੀਂਦੀ ਕੁਰਬਾਨੀ ਅਤੇ ਕੀਮਤ ਹੈ ਜੋ ਲੋਕਾਂ ਨੂੰ ਚੁਕਾਉਣੀ ਹੀ ਪੈਣੀ ਹੈ ਅਤੇ ਜਮਹੂਰੀਅਤ ਦੀ ਰਾਖੀ ਲਈ ਜ਼ਰੂਰੀ ਹੈ।

ਇੰਗਲੈਂਡ ਵਿਚ ਆਮ ਲੋਕਾਂ ਤੇ ਦਬਾਅ ਪਾਇਆ ਜਾ ਰਿਹਾ ਹੈ ਕਿ ਉਹ ਆਪਣੇ ਗੁਆਂਢੀਆਂ ਖ਼ਿਲਾਫ਼ ਪੁਲਿਸ ਦੇ ਮੁਖ਼ਬਰ ਬਣ ਜਾਣ ਅਤੇ ਉਨ੍ਹਾਂ ਦਾ ਵਿਸਾਹ ਨਾ ਕਰਨ। ਇਹ ਸਭ ਕਾਰਵਾਈ ਉਨ੍ਹਾਂ ਹਾਲਾਤ ਵਿਚ ਕੀਤੀ ਜਾ ਰਹੀ ਹੈ ਜਦੋਂ ਕਿ ਇੰਗਲੈਂਡ ਅਤੇ ਦੁਨੀਆ ਦੇ ਲੋਕਾਂ ਵਿਚ ਇਰਾਕ ਉੱਤੇ ਹਮਲੇ ਅਤੇ ਚਲ ਰਹੀ ਜੰਗ ਖ਼ਿਲਾਫ਼ ਬਹੁਤ ਹੀ ਰੋਹ ਅਤੇ ਗੁੱਸਾ ਹੈ। ਲੰਡਨ ਵਿਚ ਲੱਖਾਂ ਹੀ ਲੋਕਾਂ ਨੇ ਇਸ ਜੰਗ ਵਿਚ ਮੁਜ਼ਾਹਰੇ ਕੀਤੇ ਹਨ। ਟੋਨੀ ਬਲੇਅਰ ਨੂੰ ਆਮ ਲੋਕ ਝੂਠਾ ਅਤੇ ਫਰੇਬੀ ਸਮਝਦੇ ਹਨ। ਬਲੇਅਰ ਅਤੇ ਬੁਸ਼ ਦੀ ਕਹੀ ਹੋਈ ਦੀ ਪ੍ਰਤੀਤ ਬਿਲਕੁਲ ਮੁੱਕ ਚੁੱਕੀ ਹੈ। ਇਹ ਬਹੁਤ ਹੀ ਬਦਨਾਮ ਹੋ ਚੁੱਕੇ ਹਨ। ਲੋਕਾਂ ਵਿਚ ਇਨ੍ਹਾਂ ਦੀਆਂ ਨੀਤੀਆਂ ਖ਼ਿਲਾਫ਼ ਬਹੁਤ ਹੀ ਗੁਸਾ ਤੇ ਉਭਾਰ ਹੈ। ਲੋਕਾਂ ਦੀ ਸੋਚ ਅਤੇ ਜ਼ਮੀਰ ਉੱਤੇ ਤਾਲੇ ਲਾ ਕੇ ਉਹ ਲੋਕਾਂ ਦੇ ਇਸ ਉਭਾਰ ਅਤੇ ਏਕਤਾ ਨੂੰ ਖ਼ਤਮ ਕਰਨਾ ਚਾਹੁੰਦੇ ਹਨ।

ਬਲੇਅਰ ਅਤੇ ਬੁਸ਼ ਆਪ ਹਰ ਰੋਜ਼ ਲੋਕਾਂ ਖ਼ਿਲਾਫ਼ ਵਹਿਸ਼ੀ ਪ੍ਰਚਾਰ ਕਰਦੇ ਹਨ, ਝੂਠ ਬੋਲਦੇ ਅਤੇ ਜ਼ਹਿਰ ਉਗਲਦੇ ਹਨ। ਝੂਠ ਬੋਲਣਾ ਉਨ੍ਹਾਂ ਲਈ ਇਕ ਆਮ ਜਿਹੀ ਗੱਲ ਹੈ ਅਤੇ ਇਹ ਉਹਨੂੰ ਲੀਡਰੀ ਦਾ ਇਕ ਗੁਣ ਦੱਸਦੇ ਹਨ। ਪਰ ਲੋਕਾਂ ਦੀ ਸੋਚ ਅਤੇ ਜ਼ਮੀਰ ਨੂੰ ਉਹ ਤਾਲੇ ਮਾਰਨਾ ਚਾਹੁੰਦੇ ਹਨ। ਆਮ ਲੋਕ ਇਹ ਗੱਲ ਸਵੀਕਾਰ ਨਹੀਂ ਕਰ ਸਕਦੇ। ਆਮ ਲੋਕ ਬਲੇਅਰ ਅਤੇ ਬੁਸ਼ ਦਾ ਇਤਬਾਰ ਨਹੀਂ ਕਰਦੇ। ਸੋ, ਇਸ ਕੰਮ ਲਈ ਹੁਣ ਉਹ ਅਖੌਤੀ ਕਮਿਊਨਿਟੀ ਅਤੇ ਧਾਰਮਿਕ ਲੀਡਰਾਂ ਨੂੰ ਕਹਿ ਰਹੇ ਹਨ ਕਿ ਤੁਸੀਂ ਸਾਡੇ ਟਾਊਟ ਬਣੋ ਅਤੇ ਆਪਣੇ ਟਾਊਟਾਂ ਨੂੰ ਲੋਕਾਂ ਦੇ ਜ਼ਿੰਮੇਵਾਰ ਲੀਡਰਾਂ ਦੇ ਤੌਰ ਤੇ ਪੇਸ਼ ਕਰ ਰਹੇ ਹਨ। ਇਹ ਟਾਊਟ ਲੋਕਾਂ ਵਿਚ ਬਲੇਅਰ ਅਤੇ ਬੁਸ਼ ਦਾ ਪ੍ਰਾਪੇਗੰਡਾ ਕਰ ਰਹੇ ਹਨ ਕਿ ਇਨ੍ਹਾਂ ਦੀ ਸੁਣੋ ਅਤੇ ਇਨ੍ਹਾਂ ਦਾ ਯਕੀਨ ਕਰੋ ਅਤੇ ਇਨ੍ਹਾਂ ਵਲੋਂ ਲੋਕਾਂ ਦੀ ਸੋਚ ਅਤੇ ਜ਼ਮੀਰ ਤੇ ਲਾਈਆਂ ਜਾਣ ਵਾਲੀਆਂ ਪਾਬੰਦੀਆਂ ਦੀ ਹਿਮਾਇਤ ਕਰੋ ਕਿਉਂਕਿ ਇਹ ਅਤਿਵਾਦੀਆਂ ਤੋਂ ਮਹਿਫ਼ੂਜ਼ ਰਹਿਣ ਲਈ ਇਹ ਕਰਨਾ ਬਹੁਤ ਹੀ ਜ਼ਰੂਰੀ ਹੈ।

ਇਕ ਸਹਿਮ ਅਤੇ ਡਰ ਦਾ ਮਾਹੌਲ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਜਿਹਨੂੰ ਲੋਕਾਂ ਦੇ ਜ਼ਮੀਰ ਦੇ ਹੱਕ ਤੇ ਹਮਲੇ ਕਰਨ ਲਈ ਵਰਤਿਆ ਜਾ ਰਿਹਾ ਹੈ। ਇਨਸਾਨ ਦਾ ਜ਼ਮੀਰ ਦਾ ਹੱਕ ਉਸ ਦੀ ਹੋਂਦ ਅਤੇ ਵਜੂਦ ਦਾ ਹੱਕ ਹੈ। ਇਹ ਉਸ ਦੀ ਹੋਂਦ ਹੈ। ਜ਼ਮੀਰ ਦਾ ਹੱਕ ਇਨਸਾਨ ਦਾ ਬੁਨਿਆਦੀ ਹੱਕ ਹੈ। ਇਸ ਨਾਲ ਹੀ ਉਹਦਾ ਵਜੂਦ ਹੈ। ਲੋਕਾਂ ਦੀਆਂ ਸੱਧਰਾਂ ਅਤੇ ਤਾਂਘਾਂ ਨੂੰ ਜਕੜ ਕੇ

ਬਲੇਅਰ ਅਤੇ ਬੁਸ਼ ਇਨਸਾਨ ਦੀ ਇਨਸਾਨੀਅਤ ਨੂੰ ਖ਼ਤਮ ਕਰਨਾ ਚਾਹੁੰਦੇ ਹਨ। ਬੁਸ਼ ਅਤੇ ਬਲੇਅਰ ਇਹ ਗੱਲ ਭੁਲ ਗਏ ਹਨ ਕਿ ਜ਼ਮੀਰ ਦੇ ਇਸ ਹੱਕ ਲਈ ਲੋਕਾਂ ਨੇ ਬਹੁਤ ਹੀ ਕੁਰਬਾਨੀਆਂ ਦਿੱਤੀਆਂ ਹਨ ਅਤੇ ਨਾਦਰਸ਼ਾਹੀ ਦਾ ਦੌਰ ਖ਼ਤਮ ਹੋ ਚੁੱਕਿਆ ਹੈ। ਲੋਕ ਆਪਣੇ ਜ਼ਮੀਰ ਦੇ ਹੱਕ ਤੇ ਹਮਲਾ ਬਰਦਾਸ਼ਤ ਨਹੀਂ ਕਰਨਗੇ। ਹਿਟਲਰ ਅਤੇ ਮੁਸੋਲੋਨੀ ਨੇ ਵੀ ਇਹ ਕੋਸ਼ਿਸ਼ ਕੀਤੀ ਸੀ ਪਰ ਲੋਕਾਂ ਨੇ ਉਨ੍ਹਾਂ ਦਾ ਸਫਾਇਆ ਕਰ ਦਿਤਾ ਸੀ। ਜ਼ਮੀਰ ਉੱਤੇ ਇਸ ਹਮਲੇ ਦਾ ਜਵਾਬ ਵੀ ਲੋਕ ਉਸੇ ਹੀ ਬਹਾਦਰੀ, ਸਿਰੜ ਅਤੇ ਹਿੰਮਤ ਨਾਲ ਦੇਣਗੇ। ਜ਼ਮੀਰ ਤੇ ਹੱਕ ਤੇ ਇਨ੍ਹਾਂ ਹਮਲਿਆਂ ਨਾਲ ਬਲੇਅਰ ਅਤੇ ਬੁਸ਼ ਦੀ ਪ੍ਰਤੀਤ ਦਾ ਸੰਕਟ ਖ਼ਤਮ ਨਹੀਂ ਹੋਵੇਗਾ ਬਲਕਿ ਹੋਰ ਹੀ ਵਧੇਗਾ।